# BUDHA DAL PUBLIC SCHOOL PATIALA
## FIRST TERM EXAMINATION (18 September 2023)
## PUNJABI
## Class – IX (Set – A)

Time Allowed: 3 hours Maximum Marks: 80

ਆਮ ਨਿਰਦੇਸ਼ :

1. ਹੇਠ ਲਿਖੇ ਨਿਰਦੇਸ਼ਾਂ ਨੂੰ ਧਿਆਨ ਨਾਲ ਪੜ੍ਹੋ ਅਤੇ ਉਹਨਾਂ ਦਾ ਪਾਲਣ ਕਰੋ।
2. ਸਾਰੇ ਪ੍ਰਸ਼ਨ ਲਾਜ਼ਮੀ ਹਨ।
3. ਪ੍ਰਸ਼ਨਾਂ ਵਿੱਚ ਦਿੱਤੀ ਗਈ ਚੋਣ ਨੂੰ ਧਿਆਨ ਨਾਲ ਵੇਖ ਕੇ ਨਿਰਦੇਸ਼ਾਂ ਅਨੁਸਾਰ ਹੱਲ ਕੀਤਾ ਜਾਵੇ।
4. ਸਾਫ਼ ਅਤੇ ਸ਼ੁੱਧ ਲਿਖਿਆ ਜਾਵੇ, ਪ੍ਰਸ਼ਨ ਨੰਬਰ ਅਤੇ ਉਪ-ਭਾਗ ਨੰਬਰ ਬਿਲਕੁਲ ਸਹੀ ਅਤੇ ਪ੍ਰਸ਼ਨ-ਪੱਤਰ ਅਨੁਸਾਰ ਲਿਖੇ ਜਾਣ।
5. ਉੱਤਰਾਂ ਨੂੰ ਧਿਆਨ ਨਾਲ ਉੱਤਰ-ਸ਼ੀਟ 'ਤੇ ਲਿਖਿਆ ਜਾਵੇ।

### ਭਾਗ -ੳ (ਪੜ੍ਹਨ-ਕੌਸ਼ਲ)

1. ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ : (6×1=6)

ਸੰਗਮਰਮਰ ਆਪਣੇ ਆਪ ਵਿੱਚ ਨਿਰੀ ਸੁੰਦਰ ਅਤੇ ਮੀਂਹ-ਧੁੱਪ ਦਾ ਟਾਕਰਾ ਕਰਨ ਵਾਲੀ ਵਸਤੂ ਹੀ ਨਹੀਂ, ਸਗੋਂ ਜੋ ਕੋਮਲਤਾ, ਮੁਲਾਇਮੀ ਅਤੇ ਸਵੱਛਤਾ ਸੰਗਮਰਮਰ ਵਿੱਚ ਪ੍ਰਗਟਾਈ ਜਾ ਸਕਦੀ ਹੈ ਉਸ ਦੀ ਰੀਸ ਕੋਈ ਹੋਰ ਪੱਥਰ ਜਾਂ ਇਮਾਰਤੀ ਮਸਾਲਾ ਨਹੀਂ ਕਰ ਸਕਦਾ। ਸੰਗਮਰਮਰ ਦੀ ਘਾੜਤ ਜਾਂ ਬਣਤਰ ਵਿੱਚ ਕੁਝ ਵੀ ਲੁਕਿਆ ਨਹੀਂ ਰਹਿੰਦਾ, ਸੋ ਇਹ ਸ਼ੁੱਧ ਸੁੰਦਰਤਾ ਪ੍ਰਗਟਾਉਣ ਦਾ ਸਾਧਨ ਹੈ। ਯੂਨਾਨ ਵਿੱਚ ਪਹਿਲਾਂ-ਪਹਿਲ ਸੰਗਮਰਮਰ ਦੀ ਵਰਤੋਂ ਮੰਦਰਾਂ ਅਤੇ ਹੋਰ ਇਮਾਰਤਾਂ ਲਈ ਹੋਈ ਮੰਨੀ ਜਾਂਦੀ ਹੈ। ਭਾਰਤ ਵਿੱਚ ਸੰਗਮਰਮਰ ਬਹੁਤ ਮਿਲ ਜਾਂਦਾ ਹੈ, ਇਸ ਲਈ ਇੱਥੋਂ ਦੀਆਂ ਕਈ ਸੁੰਦਰ ਇਮਾਰਤਾਂ ਲਈ ਇਸ ਦੀ ਵਰਤੋਂ ਕਰਨ ਦਾ ਰਿਵਾਜ਼ ਇਸ ਤੋਂ ਪਹਿਲਾਂ ਪੈ ਚੁੱਕਾ ਸੀ। ਤਾਜ ਮਹੱਲ ਤੇ ਮੋਤੀ-ਮਸਜਦ ਅਤੇ ਹੋਰ ਅਨੇਕਾਂ ਮੰਦਰਾਂ ਵਿੱਚ ਇਸ ਦੇ ਪ੍ਰਯੋਗ ਨਾਲ ਜੋ ਸੂਖਮ ਅਤੇ ਕੋਮਲ ਪ੍ਰਭਾਵ ਉਪਪੰਨ ਹੋਇਆ ਸੀ, ਉਸਨੇ ਸ਼ਾਇਦ ਮਹਾਰਾਜਾ ਰਣਜੀਤ ਸਿੰਘ ਨੂੰ ਪ੍ਰੇਰਨਾ ਦਿੱਤੀ ਕਿ ਮੇਰੇ ਸਤਿਗੁਰਾਂ ਦਾ ਮੰਦਰ ਵੀ ਅਜਿਹਾ ਹੀ ਸੁੰਦਰ ਹੋਣਾ ਚਾਹੀਦਾ ਹੈ।

(ੳ) ਹੋਰ ਪੱਥਰ ਜਾਂ ਇਮਾਰਤੀ ਮਸਾਲੇ ਦੇ ਮੁਕਾਬਲੇ ਸੰਗਮਰਮਰ ਵਿੱਚ ਕਿਹੜੇ-ਕਿਹੜੇ ਗੁਣ ਹਨ ?

1) ਸੁਹਣਾ, ਸਾਫ਼ 2) ਕੋਮਲਤਾ, ਮੁਲਾਇਮੀ ਅਤੇ ਸਵੱਛਤਾ 3) ਰੰਗਦਾਰ ਅਤੇ ਕੀਮਤੀ 4) ਸੁੰਦਰਤਾ ਅਤੇ ਬਣਤਰ

(ਅ) ਸੰਗਮਰਮਰ ਨੂੰ ਸ਼ੁੱਧ ਸੁੰਦਰਤਾ ਪ੍ਰਗਟਾਉਣ ਦਾ ਸਾਧਨ ਕਿਉਂ ਕਿਹਾ ਗਿਆ ਹੈ ?

1) ਬਣਤਰ ਕਰਕੇ 2) ਕੀਮਤੀ ਹੋਣ ਕਰਕੇ 3) ਸੁੰਦਰਤਾ ਕਰਕੇ 4) ਇਹਨਾਂ ਵਿੱਚੋਂ ਕੋਈ ਨਹੀਂ

(ੲ) ਸੰਗਮਰਮਰ ਦੀ ਵਰਤੋਂ ਪਹਿਲਾਂ-ਪਹਿਲ ਕਿਹੜੇ ਦੇਸ਼ ਵਿੱਚ ਹੋਈ ?

1) ਚੀਨ 2) ਭਾਰਤ 3) ਯੂਨਾਨ 4) ਇੰਗਲੈਂਡ



Scanned by Scanner Go

(ਸ) ਤਾਜ ਮਹੱਲ, ਮੋਤੀ-ਮਸਜਦ ਅਤੇ ਹੋਰ ਮੰਦਰਾਂ ਵਿੱਚ ਸੰਗਮਰਮਰ ਨਾਲ ਕਿਹੋ ਜਿਹਾ ਪ੍ਰਭਾਵ ਉਤਪੰਨ ਹੋਇਆ ?

1) ਸੂਖਮ ਅਤੇ ਕੋਮਲ 2) ਸੰਦਰ ਅਤੇ ਕੋਮਲ 3) ਵਧੀਆ 4) ਇਹਨਾਂ ਵਿੱਚੋਂ ਕੋਈ ਨਹੀਂ

(ਹ) ਕਿਸ ਦੇਸ਼ ਵਿੱਚ ਸੰਗਮਰਮਰ ਬਹੁਤ ਮਿਲ ਜਾਂਦਾ ਹੈ ?

1) ਯੂਨਾਨ 2) ਭਾਰਤ 3) ਮਿਸਰ 4) ਚੀਨ

(ਕ) ਉਪਰੋਕਤ ਪੈਰ੍ਹੇ ਵਿੱਚ ਸਤਿਗੁਰਾਂ ਦੇ ਮੰਦਰ ਤੋਂ ਕੀ ਭਾਵ ਹੈ ?

1) ਹਰਿਮੰਦਰ ਸਾਹਿਬ 2) ਅਕਾਲ ਤਖ਼ਤ ਸਾਹਿਬ 3) ਕੇਸਗੜ੍ਹ ਸਾਹਿਬ 4) ਦਮਦਮਾ ਸਾਹਿਬ

**2. ਹੇਠ ਲਿਖੀ ਕਾਵਿ-ਟੁਕੜੀ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ :** **(4×1=4)**

ਬੇਟੇ ਖਾਤਰ ਬਾਬਲਾ, ਬੇਟੀ ਨੂੰ ਨਾ ਮਾਰ
ਜੇ ਬੇਟੀ ਹੀ ਨਾ ਰਹੀ, ਰਹਿਣਾ ਨਾ ਸੰਸਾਰ।
ਸਾਥ ਸ਼ਰੀਕਾ ਜੇ ਦਵੇ, ਨਾਲ ਖੜ੍ਹੇ ਸਰਕਾਰ।
ਫਿਰ ਨਾ ਕੋਈ ਧੀ ਸੜੇ, ਕੋਈ ਨਾ ਸਕੇ ਮਾਰ।
ਬਦਲੋ ਆਪਣੇ ਆਪ ਨੂੰ, ਬਦਲੋ ਆਪਣੀ ਸੋਚ।
ਧੀਆਂ ਅੱਗੇ ਲੀਕ ਜੋ, ਰਲ ਕੇ ਦੇਵੋ ਪੋਚ।

(ੳ) ਧੀਆਂ ਉੱਤੇ ਹੋ ਰਹੇ ਕਿਹੜੇ-ਕਿਹੜੇ ਜ਼ੁਲਮ ਦਾ ਜ਼ਿਕਰ ਕੀਤਾ ਗਿਆ ਹੈ ?

(ਅ) ਉਪਰੋਕਤ ਕਾਵਿ-ਟੁਕੜੀ ਵਿੱਚ ਕਿਹੜੀ ਤਬਦੀਲੀ ਦੀ ਗੱਲ ਕੀਤੀ ਗਈ ਹੈ ?

(ੲ) ਬੇਟੀ ਨੂੰ ਕਿਉਂ ਮਾਰਿਆ ਜਾਂਦਾ ਹੈ ?

(ਸ) ਸਮੇਂ ਦੀਆਂ ਸਰਕਾਰਾਂ ਨੂੰ ਧੀਆਂ ਨੂੰ ਬਚਾਉਣ ਲਈ ਕੀ ਕਰਨਾ ਚਾਹੀਦਾ ਹੈ ?

## ਭਾਗ - ਅ (ਵਿਆਕਰਨ)

**3. ਵਿਰੋਧੀ ਸ਼ਬਦ (ਕੋਈ ਦੋ ਕਰੋ) :** **(2×1=2)**

(ੳ) ਹੇਠ ਲਿਖੇ ਵਿਕਲਪਾਂ ਵਿੱਚੋਂ ਸਹੀ ਵਿਰੋਧੀ ਜੋੜਾ ਚੁਣੋ :

1.ਜਟਾਧਾਰੀ/ ਸਾਧੂ 2) ਜਟਾਧਾਰੀ/ ਜਾਂਗਲੀ 3) ਜਟਾਧਾਰੀ/ ਮੋਨਾ 4) ਜਟਾਧਾਰੀ/ ਕੇਸਧਾਰੀ

(ਅ) ਗਾਲੜੀ ਸ਼ਬਦ ਦਾ ਵਿਰੋਧੀ ਸ਼ਬਦ ਕੀ ਹੋਵੇਗਾ ?

1) ਚੁੱਪੂ 2) ਬੜਬੋਲਾ 3) ਗਲਾਧੜ 4) ਮੀਸਣਾ

(ੲ) ਦਾਤਾ ਸ਼ਬਦ ਦਾ ਵਿਰੋਧੀ ਸ਼ਬਦ ਚੁਣੋ ?

1) ਦਾਨੀ 2) ਪਰਮਾਤਮਾ 3) ਮੰਗਤਾ 4) ਪਰਉਪਕਾਰੀ

**4. ਲਿੰਗ ਬਦਲੋ ( ਕੋਈ ਦੋ ਕਰੋ) :** **(2×1=2)**

(ੳ) ਹੇਠ ਲਿਖੇ ਸ਼ਬਦਾਂ ਵਿੱਚੋਂ ਕਿਹੜਾ ਸ਼ਬਦਾ ਦੋਹਾਂ ਲਿੰਗਾਂ ਵਿੱਚ ਵਰਤਿਆ ਜਾਂਦਾ ਹੈ?

1) ਧੋਬੀ 2) ਪੂਰਬੀਆ 3) ਹਿੰਦੂ 4) ਅਖ਼ਬਾਰ

A-2

Scanned by Scanner Go

(ਅ) ਹੇਠ ਲਿਖੇ ਸ਼ਬਦਾਂ ਵਿੱਚੋਂ ਕਿਹੜੇ ਸ਼ਬਦ ਦਾ ਵਿਰੋਧੀ ਲਿੰਗ ਨਹੀਂ ਹੁੰਦਾ ?

1) ਦਰਿਆ 2) ਅਰਾਈ 3) ਮਟਕਾ 4) ਕਮੇਰਾ

(ੲ) ਕਸਾਈ ਸ਼ਬਦ ਦਾ ਇਸਤਰੀ ਲਿੰਗ ਚੁਣੋ :

1) ਕਸਾਈਣ 2) ਕਸਾਇਣ 3) ਕਸਾਇਨ 4) ਕਸਾਈਨ

5. **ਵਿਸਮਿਕ (ਕੋਈ ਦੋ ਕਰੋ) :** (2×1=2)

(ੳ) 'ਖ਼ਬਰਦਾਰ' ਸ਼ਬਦ ਕਿਹੜਾ ਵਿਸਮਿਕ ਹੈ ?

1) ਸ਼ੋਕ ਵਾਚਕ 2) ਸੂਚਨਾ ਵਾਚਕ 3) ਇੱਛਾ ਵਾਚਕ 4) ਅਸੀਸ ਵਾਚਕ

(ਅ) ਹੇ ਦਾਤਾ! ਮਿਹਰ ਭਰਿਆ ਹੱਥ ਰੱਖੋ। ਵਾਕ ਵਿੱਚ ਹੇ ਦਾਤਾ ਕਿਹੜਾ ਵਿਸਮਿਕ ਹੈ?

1) ਸਤਿਕਾਰ ਵਾਚਕ 2) ਅਸੀਸ ਵਾਚਕ 3) ਇੱਛਾ ਵਾਚਕ 4) ਪ੍ਰਸੰਸਾ ਵਾਚਕ

(ੲ) ਵਿਸਮਿਕ ਕਿੰਨੀ ਤਰ੍ਹਾਂ ਦੇ ਹੁੰਦੇ ਹਨ ?

1) ਨੌਂ 2) ਦੋ 3) ਪੰਜ 4) ਸੱਤ

6. **ਸ਼ਬਦ ਸ਼ੁੱਧੀ (ਕੋਈ ਚਾਰ ਕਰੋ) :** (4×½ =2)

ਹੇਠ ਲਿਖੇ ਅਸ਼ੁੱਧ ਸ਼ਬਦ ਜੋੜਾਂ ਨੂੰ ਸ਼ੁੱਧ ਕਰਕੇ ਲਿਖੋ।

(ੳ) ਸਾਦੂ (ਅ) ਲਾਬ (ੲ) ਵੇਹੜਾ (ਸ) ਸੌਹਰਾ (ਹ) ਲਿਖੌਣਾ

7. **ਕਿਰਿਆ (ਕੋਈ ਦੋ ਕਰੋ) :** (2×1=2)

(ੳ) ਕਿਰਿਆ ਦੀ ਪਰਿਭਾਸ਼ਾ ਲਿਖੋ।

(ਅ) ਮੁੰਡਾ ਨਾਵਲ ਪੜ੍ਹਦਾ ਹੈ। ਵਾਕ ਵਿੱਚੋਂ ਕਿਰਿਆ ਦੀ ਕਿਸਮ ਲਿਖੋ।

(ੲ) ਅਕਰਮਕ ਕਿਰਿਆ ਦੀ ਇੱਕ ਉਦਾਹਰਨ ਲਿਖੋ।

8. **ਹੇਠ ਲਿਖਿਆਂ ਵਿੱਚੋਂ ਕਿਸੇ ਦੋ ਮੁਹਾਵਰਿਆਂ ਨੂੰ ਇਸ ਤਰ੍ਹਾਂ ਵਾਕਾਂ ਵਿੱਚ ਵਰਤੋ ਕਿ ਅਰਥ ਸਪੱਸ਼ਟ ਹੋ ਜਾਣ :** (2×1=2)

(ੳ) ਉਸਤਾਦੀ ਕਰਨੀ (ਅ) ਅੱਖਾਂ ਮੀਟ ਕੇ ਕੰਮ ਕਰਨਾ (ੲ) ਈਨ ਮੰਨਣੀ

## ਭਾਗ - ੲ (ਪ੍ਰਭਾਵਸ਼ਾਲੀ ਲਿਖਣ ਕੌਸ਼ਲ)

9. **ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਉੱਤੇ ਦਿੱਤੇ ਹੋਏ ਨੁਕਤਿਆਂ ਦੇ ਅਧਾਰ ਤੇ 200 ਸ਼ਬਦਾਂ ਦਾ ਲੇਖ ਲਿਖੋ** (8)

**(ੳ) ਵਿਦੇਸ਼ਾਂ ਵਿੱਚ ਜਾਣਾ : ਮਜ਼ਬੂਰੀ ਜਾਂ ਲਾਲਚ**

ਨੁਕਤੇ : ਭੂਮਿਕਾ, ਗਰੀਬੀ, ਬੇਰੁਜ਼ਗਾਰੀ, ਆਰਥਕ ਸ਼ੋਸ਼ਨ, ਸ਼ੁਹਰਤ ਕਾਇਮ ਰੱਖਣੀ, ਪੈਸੇ ਦਾ ਬੋਲਬਾਲਾ, ਵਿਕਾਸ ਦੇ ਵਧੇਰੇ ਮੌਕੇ, ਭਵਿੱਖ ਦੀ ਸੁਰੱਖਿਆ, ਭ੍ਰਿਸ਼ਟਾਚਾਰ ਦੀ ਅਣਹੋਂਦ, ਮਾਨਸਿਕ ਸੋਚ, ਸਾਰੰਸ਼।



Scanned by Scanner Go

(ਅ) ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ

ਨੁਕਤੇ : ਤੁਕ ਤੋਂ ਭਾਵ, ਦਿਖਾਵਾ ਰਹਿਤਾ ਨਿਮਰਤਾ, ਸਖ਼ਤ ਘਾਲਣਾ ਦੀ ਲੋੜ, ਦੋਵੇਂ ਗੁਣ ਜੀਵ ਲਈ ਲਾਭਕਾਰੀ, ਇਤਿਹਾਸ ਅਤੇ ਮਿਥਹਾਸ, ਕੌੜੇ ਬੋਲ ਤੇ ਖਾਲੀ ਢੋਲ, ਨਿਮਰ ਵਿਅਕਤੀ ਪਰਉਪਕਾਰੀ ਹੁੰਦੇ ਹਨ, ਸਾਰੰਸ਼।

(ੲ) ਜੀਵਨ ਵਿੱਚ ਪੁਸਤਕਾਂ ਦਾ ਸਥਾਨ

ਨੁਕਤੇ : ਭੂਮਿਕਾ, ਮਹੱਤਵ, ਸੱਚੇ ਸਾਥੀ, ਵਧੀਆ ਸਮਾਜ ਦੀਆਂ ਸਿਰਜਕ, ਪੁਸਤਕਾਂ ਦੀਆਂ ਕਿਸਮਾਂ, ਘਰੇਲੂ ਲਾਇਬਰੇਰੀ ਦੀ ਲੋੜ, ਪੁਸਤਕਾਂ ਦੀ ਚੋਣ, ਸਾਰੰਸ਼।

**10. ਹੇਠ ਲਿਖੇ ਨੁਕਤਿਆਂ ਦੇ ਅਧਾਰ 'ਤੇ ਕੋਈ ਇੱਕ ਪੱਤਰ ਲਿਖੋ :** (6)

(ੳ) ਤੁਸੀਂ ਕੋਈ ਵਿਆਹ ਦੇਖਿਆ ਹੈ। ਆਪਣੇ ਮਿੱਤਰ ਨੂੰ ਇੱਕ ਚਿੱਠੀ ਵਿੱਚ ਉਸ ਦਾ ਹਾਲ ਲਿਖਦੇ ਹੋਏ ਦੱਸੋ ਕਿ ਤੁਹਾਨੂੰ ਵਿਆਹ ਦੀਆਂ ਕਿਹੜੀਆਂ ਰਸਮਾਂ ਚੰਗੀਆਂ ਲੱਗੀਆਂ ਹਨ ਤੇ ਕਿਹੜੀਆਂ ਪਸੰਦ ਨਹੀਂ ਆਈਆਂ।


ਨੁਕਤੇ : ਸੁਚੱਜਾ ਪ੍ਰਬੰਧ.....ਬਰਾਤ ਦਾ ਸਮੇਂ ਤੇ ਢੁਕਣਾ......ਵਧੀਆ ਖਾਣ-ਪੀਣ.....ਮਿਲਣੀਆਂ ਤੇ ਫਜ਼ੂਲ-ਖਰਚੀ....ਨੱਚਦਿਆਂ ਤੇ ਪੈਸੇ ਸੁੱਟਣਾ ਆਦਿ।

ਜਾਂ

(ਅ) ਆਪਣੇ ਰਾਜ ਦੇ ਸਿੱਖਿਆ ਮੰਤਰੀ ਨੂੰ ਪੱਤਰ ਰਾਹੀਂ ਬੇਨਤੀ ਕਰੋ ਕਿ ਤੁਹਾਡੇ ਇਲਾਕੇ ਵਿੱਚ ਕੁੜੀਆਂ ਦਾ ਹਾਈ ਸਕੂਲ ਖੋਲ੍ਹਿਆ ਜਾਵੇ।

ਨੁਕਤੇ : ਲਾਜ਼ਮੀ ਵਿੱਦਿਆ ਕਨੂੰਨ.....ਮੌਕੇ ..... ਉੱਚ ਵਿੱਦਿਆ.....ਜਾਣ ਵਿੱਚ ਮੁਸ਼ਕਲ .....ਪੜ੍ਹਨ ਲਈ ਉਤਸੁਕ.....ਉਪਰਾਲਾ ਆਦਿ।

**11. ਹੇਠ ਲਿਖੇ ਚਿੱਤਰ ਨੂੰ ਦੇਖ ਕੇ ਉਸਦਾ ਵਰਨਣ 50 ਤੋਂ 60 ਸ਼ਬਦਾਂ ਵਿੱਚ ਲਿਖੋ।** (4)



A-4

Scanned by Scanner Go

## ਭਾਗ - ਸ (ਪਾਠ ਪੁਸਤਕਾਂ ਤੇ ਅਧਾਰਿਤ)

**12. ਕਹਾਣੀ ਤੇ ਵਾਰਤਕ ਵਿੱਚੋਂ ਬਹੁ-ਵਿਕਲਪੀ ਪ੍ਰਸ਼ਨ (ਕੋਈ ਪੰਜ ਕਰੋ) :** **(5×1=5)**

(ੳ) ਕੁੱਤੇ ਦੀ ਪੂੰਛ ਤੇ ਪੈਰ ਰੱਖੇ ਜਾਣ 'ਤੇ ਤਾਏ ਨੇ ਕਿੰਨੇ ਟੀਕੇ ਲਗਵਾਏ ?

1) ਅੱਠ 2) ਦਸ 3) ਬਾਰ੍ਹਾਂ 4) ਚੌਦਾਂ

(ਅ) ਮੁੜ ਵੇਖਿਆ ਪਿੰਡ ਲੇਖ ਕਿਸ ਸਫ਼ਰਨਾਮੇ ਦਾ ਅੰਸ਼ ਹੈ ?

1) ਮੇਰਾ ਰੂਸੀ ਸਫ਼ਰਨਾਮਾ 2) ਮੇਰਾ ਪਾਕਿਸਤਾਨੀ ਸਫ਼ਰਨਾਮਾ 3) ਮੇਰੀ ਫ਼ਿਲਮੀ ਆਤਮਕਥਾ 4) ਕੋਈ ਵੀ ਨਹੀਂ

(ੲ) ਲੇਖਕ ਦੇ ਜੱਦੀ ਪਿੰਡ ਦਾ ਕੀ ਨਾਂ ਸੀ ?

1) ਸਰਗੋਧਾ 2) ਝੰਗ 3) ਭੇਰਾ 4) ਲਾਹੌਰ

(ਸ) ਨਾਗਰਿਕ ਸਭਾ ਵੱਲੋਂ ਕਿਸ ਦਾ ਜਨਮ ਦਿਨ ਮਨਾਇਆ ਜਾਣਾ ਸੀ ?

1) ਜੋਤੀ ਦਾ 2) ਮੰਤਰੀ ਦਾ 3) ਪ੍ਰਿੰਸੀਪਲ ਦਾ 4) ਚੇਅਰਮੈਨ ਦਾ

(ਹ) ਸਾਂਝੀ ਕੰਧ ਕਹਾਣੀ ਕਿਸ ਦੀ ਲਿਖੀ ਹੋਈ ਹੈ ?

1) ਸੰਤੋਖ ਸਿੰਘ ਧੀਰ 2) ਦਲੀਪ ਕੌਰ 3) ਸੁਜਾਨ ਸਿੰਘ 4) ਸੂਬਾ ਸਿੰਘ

(ਕ) ਸਾਂਝੀ ਕੰਧ ਕਹਾਣੀ ਵਿੱਚ ਕੰਧ ਦੀ ਮਜ਼ਦੂਰੀ ਕਿੰਨੀ ਬਣਦੀ ਸੀ ?

1) ਸੌ ਰੁਪਏ 2) ਪੰਜਾਹ ਰੁਪਏ 3) ਅੱਸੀ-ਬਿਆਸੀ ਰੁਪਏ 4) ਪਚੰਨਵੇਂ ਰੁਪਏ

**13. ਕਵਿਤਾ ਤੇ ਇਕਾਂਗੀ ਵਿੱਚੋਂ ਬਹੁ-ਵਿਕਲਪੀ ਪ੍ਰਸ਼ਨ (ਕੋਈ ਪੰਜ ਕਰੋ) :** **(5×1=5)**

(ੳ) 'ਸਮਾਂ' ਕਵਿਤਾ ਵਿੱਚ ਕਵੀ ਕਿਸ ਰੂਪ ਵਿੱਚ ਵਿਚਰਦਾ ਹੈ ?

1) ਪੁਰਸ਼ 2) ਇਸਤਰੀ 3) ਪਰਮਾਤਮਾ 4) ਕੋਈ ਵੀ ਨਹੀਂ

(ਅ) 'ਵਿਸਾਖੀ ਦਾ ਮੇਲਾ' ਕਵਿਤਾ ਵਿੱਚ ਕਿਹੜੇ ਫੁੱਲ ਦੇ ਹੱਸਣ ਦੀ ਗੱਲ ਕੀਤੀ ਗਈ ਹੈ?

1) ਗੁਲਾਬ 2) ਚਮੇਲੀ 3) ਕਮਲ 4) ਸਾਰੇ ਹੀ

(ੲ) 'ਮੈਂ ਪੰਜਾਬੀ' ਕਵਿਤਾ ਵਿੱਚ ਕਵੀ ਕਿਸ ਦੀ ਖ਼ੈਰ ਮੰਗਦਾ ਹੈ ?

1) ਆਪਣੀ 2) ਦੇਸ਼ ਦੀ 3) ਮਾਂ ਬੋਲੀ ਦੀ 4) ਸਾਰਿਆਂ ਦੀ

(ਸ) 'ਮੈਂ ਪੰਜਾਬੀ' ਕਵਿਤਾ ਕਿਸ ਕਵੀ ਦੀ ਰਚਨਾ ਹੈ ?

1) ਧਨੀ ਰਾਮ ਚਾਤ੍ਰਿਕ 2) ਭਾਈ ਵੀਰ ਸਿੰਘ 3) ਫ਼ੀਰੋਜ਼ਦੀਨ ਸ਼ਰਫ਼ 4) ਸੂਬਾ ਸਿੰਘ

(ਹ) ਹਰੀ ਚੰਦ ਕਿਸ ਗੱਲੋਂ ਪਰੇਸ਼ਾਨ ਰਹਿੰਦਾ ਹੈ ?

1) ਗਰੀਬੀ ਤੋਂ 2) ਬਿਮਾਰੀਆਂ ਤੋਂ 3) ਪੁੱਤਰ ਤੋਂ 4) ਘਰਵਾਲੀ ਤੋਂ

(ਕ) ਸਾਧੂ ਹਰੀ ਚੰਦ ਨੂੰ ਸਭ ਤੋਂ ਵੱਡੀ ਔਸ਼ਧੀ ਕਿਹੜੀ ਦੱਸਦੇ ਹਨ ?

1) ਦਾਨ-ਪੁੰਨ ਨੂੰ 2) ਮੰਦਰ ਜਾਣ ਨੂੰ 3) ਭੰਗਤੀ ਨੂੰ 4) ਦਵਾਈਆਂ ਨੂੰ



Scanned by Scanner Go

(4×1=4)

14. ਕਹਾਣੀ ਤੇ ਵਾਰਤਕ ਵਿੱਚੋਂ ਇੱਕ ਸਤਰ ਵਾਲੇ ਪ੍ਰਸ਼ਨ (ਕੋਈ ਚਾਰ ਕਰੋ) :

(ੳ) ਮੰਤਰੀ ਜਵਾਲਾ ਪ੍ਰਸ਼ਾਦ ਦਾ ਜਨਮ ਦਿਨ ਕੌਣ ਮਨਾ ਰਿਹਾ ਸੀ ?

(ਅ) ਕਪੂਰ ਸਿੰਘ ਨੇ ਦਰਬਾਰੇ ਦੀ ਜੇਬ ਵਿੱਚ ਕਿੰਨੇ ਰੁਪਏ ਪਾਏ ?

(ੲ) ਭਖ ਰਹਿਣ ਦਾ ਵਹਿਮ ਤਾਏ ਨੂੰ ਕਿੰਨੇ ਸਾਲ ਰਿਹਾ ?

(ਸ) ਭੁੱਲੇਵਾਲ ਬੱਸ ਅੱਡੇ ਤੋਂ ਲੇਖਕ ਦੇ ਪਿੰਡ ਦੀ ਦੂਰੀ ਕਿੰਨੀ ਸੀ ?

(ਹ) ਬਲਰਾਜ ਸਾਹਨੀ ਦੇ ਭਰਾ ਦਾ ਕੀ ਨਾਂ ਸੀ ?

15. ਕਹਾਣੀ, ਵਾਰਤਕ ਤੇ ਇਕਾਂਗੀ ਵਿੱਚੋਂ ਕਿਸੇ ਸੱਤ ਪ੍ਰਸ਼ਨਾਂ ਦੇ ਉੱਤਰ 25-30 ਸ਼ਬਦਾਂ ਵਿੱਚ ਦਿਓ: (7×2=14)

(ੳ) ਪ੍ਰਿੰਸੀਪਲ ਨੇ ਜੁਗਲ ਪ੍ਰਸ਼ਾਦ ਨੂੰ ਜੋਤੀ ਦੇ ਹਾਰ ਨਾ ਪਾਉਣ ਦਾ ਕੀ ਕਾਰਨ ਦੱਸਿਆ ?

(ਅ) ਕਪੂਰ ਸਿੰਘ ਦੇ ਘਰ ਦੇ ਨਾਲ ਕਿਨ੍ਹਾਂ-ਕਿਨ੍ਹਾਂ ਦੇ ਘਰ ਦੀ ਕੰਧ ਲੱਗਦੀ ਸੀ ?

(ੲ) ਚਾਚੀ ਰਾਮ ਕੌਰ ਨੇ ਕਪੂਰ ਸਿੰਘ ਨੂੰ ਕਿਹੜੀ ਗੱਲ ਦੱਸੀ, ਜਿਸ ਨੂੰ ਸੁਣ ਕੇ ਕਪੂਰ ਸਿੰਘ ਚੌਂਕ ਪਿਆ ਤੇ ਫਿਰ ਉਸ ਨੇ ਕੀ ਕੀਤਾ ?

(ਸ) ਮਦਨ ਮਾਸੀ ਨੂੰ ਆਪਣੇ ਪੁਲਿਸ ਤੋਂ ਡਰਨ ਦਾ ਕੀ ਕਾਰਨ ਦੱਸਦਾ ਹੈ ?

(ਹ) ਕਿਸ਼ੋਰ ਜਦੋਂ ਸਾਧੂਆਂ ਨੂੰ ਘਰ ਵਿੱਚ ਵੇਖਦਾ ਹੈ ਤਾਂ ਕੀ ਕਹਿੰਦਾ ਹੈ ?

(ਕ) ਘੋੜੇ ਦੀ ਲਿੱਦ ਤੋਂ ਤਿਲਕ ਕੇ ਡਿੱਗਣ ਨਾਲ ਤਾਏ ਨੂੰ ਕੀ ਵਹਿਮ ਹੋ ਗਿਆ ਤੇ ਇਸ ਵਹਿਮ ਦੇ ਰਹਿੰਦਿਆਂ ਉਸ ਨੇ ਕੀ ਕੀਤਾ ?

(ਖ) ਚੌਧਰੀ ਗੁਲਾਮ ਮੁਹੰਮਦ ਦਾ ਲੇਖਕ ਨਾਲ ਕੀ ਰਿਸ਼ਤਾ ਸੀ ?

(ਗ) 'ਕੀ ਕਰਾਂ ਜੀ ਮਿੱਟੀ ਖਿੱਚ ਲਿਆਈ ਏ' ਇਹ ਸ਼ਬਦ ਕਿਸ ਨੇ ਕਿਸ ਨੂੰ ਕਹੇ ?

16. ਕਵਿਤਾ ਤੇ ਵਾਰਤਕ ਵਿੱਚੋਂ ਕੋਈ ਦੋ ਪ੍ਰਸ਼ਨਾਂ ਦੇ ਉੱਤਰ 50-60 ਸ਼ਬਦਾਂ ਵਿੱਚ ਲਿਖੋ: (4×2=8)

(ੳ) ਸਮਾਂ ਕਵਿਤਾ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

ਜਾਂ

ਵਿਸਾਖੀ ਦਾ ਮੇਲਾ ਕਵਿਤਾ ਵਿੱਚ ਆਏ ਵਿਚਾਰਾਂ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ।

(ਅ) ਲੇਖਕ ਨੂੰ ਆਪਣੀ ਗਲੀ ਦਾ ਦ੍ਰਿਸ਼ ਵੇਖ ਕੇ ਕਿਵੇਂ ਮਹਿਸੂਸ ਹੋਇਆ ?

ਜਾਂ

ਹੋਰ ਹਰ ਬਿਮਾਰੀ ਦਾ ਇਲਾਜ ਹੈ, ਪਰ ਵਹਿਮ ਕੌਣ ਹਟਾਏ ? ਇਸ ਕਥਨ ਦੇ ਪੱਖ ਜਾਂ ਵਿਰੋਧ ਵਿੱਚ ਦਲੀਲਾਂ ਦਿਓ।

17. ਇਕਾਂਗੀ ਵਿੱਚੋਂ ਕਿਸੇ ਇੱਕ ਪ੍ਰਸ਼ਨ ਦਾ ਉੱਤਰ 50-60 ਸ਼ਬਦਾਂ ਵਿੱਚ ਲਿਖੋ: (4×1=4)

(ੳ) ਮੌਨਧਾਰੀ ਇਕਾਂਗੀ ਵਿੱਚੋਂ 'ਰਾਮ ਪਿਆਰੀ' ਦਾ ਪਾਤਰ ਚਿਤਰਨ ਆਪਣੇ ਸ਼ਬਦਾਂ ਵਿੱਚ ਲਿਖੋ।

ਜਾਂ

ਕਿੰਨੇ ਸਾਧੂ ਰਾਮ ਪਿਆਰੀ ਦੇ ਘਰ ਆਉਂਦੇ ਹਨ ਤੇ ਉਹ ਕਿਹੋ ਜਿਹੇ ਹਨ ? ਉਹ ਰਾਮ ਪਿਆਰੀ ਨਾਲ ਕਿਹੋ ਜਿਹੀਆਂ ਗੱਲਾਂ ਕਰਦੇ ਹਨ ?



Scanned by Scanner Go

# BUDHA DAL PUBLIC SCHOOL PATIALA
## FIRST TERM EXAMINATION (18 September 2023)
## PUNJABI
## Class - IX (Set - B)

Time Allowed: 3 hours | Maximum Marks: 80

ਆਮ ਨਿਰਦੇਸ਼ :

1.ਹੇਠ ਲਿਖੇ ਨਿਰਦੇਸ਼ਾਂ ਨੂੰ ਧਿਆਨ ਨਾਲ ਪੜ੍ਹੋ ਅਤੇ ਉਹਨਾਂ ਦਾ ਪਾਲਣ ਕਰੋ।

2.ਸਾਰੇ ਪ੍ਰਸ਼ਨ ਲਾਜ਼ਮੀ ਹਨ।

3.ਪ੍ਰਸ਼ਨਾਂ ਵਿੱਚ ਦਿੱਤੀ ਗਈ ਚੋਣ ਨੂੰ ਧਿਆਨ ਨਾਲ ਵੇਖ ਕੇ ਨਿਰਦੇਸ਼ਾਂ ਅਨੁਸਾਰ ਹੱਲ ਕੀਤਾ ਜਾਵੇ।

4.ਸਾਫ਼ ਅਤੇ ਸ਼ੁੱਧ ਲਿਖਿਆ ਜਾਵੇ, ਪ੍ਰਸ਼ਨ ਨੰਬਰ ਅਤੇ ਉਪ-ਭਾਗ ਨੰਬਰ ਬਿਲਕੁਲ ਸਹੀ ਅਤੇ ਪ੍ਰਸ਼ਨ-ਪੱਤਰ ਅਨੁਸਾਰ ਲਿਖੇ ਜਾਣ।

5.ਉੱਤਰਾਂ ਨੂੰ ਧਿਆਨ ਨਾਲ ਉੱਤਰ-ਸ਼ੀਟ 'ਤੇ ਲਿਖਿਆ ਜਾਵੇ।

### ਭਾਗ - ੳ (ਪੜ੍ਹਨ-ਕੌਸ਼ਲ)

1. ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ : (6×1=6)

ਉਸ ਸਮੇਂ ਹਿੰਦ ਵਾਸੀ ਗਾਈਆਂ ਦੇ ਇੱਕ ਵੱਗ ਵਾਂਗ ਨਿਹੱਥੇ ਤੇ ਨਿਤਾਣੇ ਸਨ ਅਤੇ ਉਨ੍ਹਾਂ 'ਤੇ ਕੋਈ ਨਾ ਕੋਈ ਸ਼ੇਰ ਆ ਪੈਂਦਾ ਸੀ। ਇਨ੍ਹਾਂ ਦਾ ਬਚਾਓ ਲਈ ਕਈਆਂ ਨੇ ਜਤਨ ਕੀਤੇ। ਕਈਆਂ ਨੇ ਇਨ੍ਹਾਂ ਦੇ ਦੁਆਲੇ ਜਾਤ-ਪਾਤ ਤੇ ਛੂਤ-ਛਾਤ ਦੀਆਂ ਕੰਧਾਂ ਉਸਾਰ ਕੇ ਵਰਨ ਆਸ਼ਰਮ ਦੀ ਕਿਲ੍ਹੇਬੰਦੀ ਕਰ ਦਿੱਤੀ। ਇਹ ਸਾਧਨ ਮੁੱਦਤਾਂ ਤੱਕ ਹਿੰਦੂਆਂ ਨੂੰ ਖੇਰੂੰ-ਖੇਰੂੰ ਹੋਣ ਤੋਂ ਬਚਾਉਂਦੇ ਰਹੇ। ਪਰ ਜਦੋਂ ਵੀ ਇਹ ਗਊਆਂ ਕਿਲ੍ਹੇ ਤੋਂ ਬਾਹਰ ਆਉਂਦੀਆਂ, ਕਿਸੇ ਨਾ ਕਿਸੇ ਸ਼ੇਰ ਦਾ ਸ਼ਿਕਾਰ ਬਣ ਜਾਂਦੀਆਂ। ਗੁਰੂ ਨਾਨਕ ਦੇਵ ਜੀ ਨੇ ਇੱਕ ਸੱਚੇ ਆਗੂ ਦੀ ਤਰ੍ਹਾਂ ਇਨ੍ਹਾਂ ਦੇ ਬਚਾਉ ਦਾ ਪੱਕਾ ਸਦੀਵੀ ਪ੍ਰਬੰਧ ਕਰਨ ਦੀ ਸਲਾਹ ਕੀਤੀ। ਇਨ੍ਹਾਂ ਗਊਆਂ ਨੂੰ ਸ਼ੇਰ ਬਣਾ ਦੇਣ ਦਾ ਖਿਆਲ ਕੀਤਾ, ਤਾਂ ਕਿ ਅੰਦਰਲੀਆਂ-ਬਾਹਰਲੀਆਂ ਕਮਜ਼ੋਰੀਆਂ ਦੂਰ ਹੋ ਕੇ ਹਰ ਤਰ੍ਹਾਂ ਦੇ ਹਮਲਾਵਰਾਂ ਤੋਂ ਬਚ ਕੇ ਰਹਿਣ ਦਾ ਹੀਆ ਕਰ ਸਕਣ। ਸਿੱਖ ਇਤਿਹਾਸ ਵਿੱਚ ਕੌਮੀ ਉਸਾਰੀ ਦਾ ਜ਼ਿਕਰ ਹੈ ਕਿ ਇਸ ਤਰ੍ਹਾਂ ਨਿਮਾਣੀਆਂ ਗਊਆਂ ਵਰਗੇ ਲੋਕ ਉੱਪਰ-ਥੱਲੀ ਦਸ ਆਗੂਆਂ ਦੀ ਅਮਲੀ ਸਿੱਖਿਆ ਤੇ ਅਗਵਾਈ ਨਾਲ ਤਕੜੇ ਹੁੰਦੇ ਹੋਏ ਅਤੇ ਸੰਨ 1699 ਵਿੱਚ ਗੁਰੂ ਗੋਬਿੰਦ ਜੀ ਦੇ ਹੱਥੋਂ ਅੰਮ੍ਰਿਤ ਛਕ ਕੇ ਸਿੰਘ ਸਜ ਗਏ, ਭਾਵ ਗਊਆਂ ਸ਼ੇਰ ਬਣ ਗਈਆਂ।

(ੳ) ਕਿਹੜੇ-ਕਿਹੜੇ ਸਾਧਨ ਹਿੰਦੂਆਂ ਨੂੰ ਲੰਮਾ ਸਮਾਂ ਖੇਰੂੰ-ਖੇਰੂੰ ਹੋਣ ਤੋਂ ਬਚਾਉਂਦੇ ਰਹੇ ?

1. ਛੂਤ-ਛਾਤ ਦੀਆਂ ਕੰਧਾਂ ਉਸਾਰ ਕੇ
2. ਵਰਨ ਆਸ਼ਰਮ ਦੀ ਕਿਲ੍ਹੇ ਬੰਦੀ ਕਰਕੇ
3. ਜਾਤ-ਪਾਤ ਦੀਆਂ ਕੰਧਾਂ ਉਸਾਰ ਕੇ
4. ਉਪਰੋਕਤ ਸਾਰੇ ਹੀ

B-1

Scanned by Scanner Go

(ਅ) ਗੁਰੂ ਨਾਨਕ ਦੇਵ ਜੀ ਨੇ ਕੀ ਸਲਾਹ ਦਿੱਤੀ ?

1. ਸ਼ੇਰ ਬਣਨ ਦੀ ਸਲਾਹ ਦਿੱਤੀ 2. ਸਦੀਵੀ ਪ੍ਰਬੰਧ ਕਰਨ ਦੀ ਸਲਾਹ ਦਿੱਤੀ

3. ਬਹਾਦਰ ਬਣਨ ਦੀ ਸਲਾਹ ਦਿੱਤੀ 4. ਕੱਚਾ ਪ੍ਰਬੰਧ ਕਰਨ ਦੀ ਸਲਾਹ ਦਿੱਤੀ

(ੲ) ਗਊਆਂ ਨੂੰ ਕਿਸ ਗੁਰੂ ਸਾਹਿਬ ਨੇ ਸ਼ੇਰ ਬਣਾ ਦਿੱਤਾ ?

1. ਸ੍ਰੀ ਗੁਰੂ ਨਾਨਕ ਦੇਵ ਜੀ ਨੇ 2. ਨਿਹੱਥੇ ਨਿਤਾਣੇ ਲੋਕਾਂ ਨੇ

3. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 4. ਹਿੰਦੂਆਂ ਨੇ

(ਸ) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਛਕਾਉਣ ਦੀ ਪ੍ਰੰਪਰਾ ਕਦੋਂ ਸ਼ੁਰੂ ਕੀਤੀ ?

1. 1549 2. 1666 3. 1708 4. 1699

(ਹ) ਉਪਰੋਕਤ ਪੈਰ੍ਹੇ ਵਿੱਚ ਗਊਆਂ ਕਿਸ ਨੂੰ ਕਿਹਾ ਗਿਆ ਹੈ ?

1. ਸਿੱਖਾਂ ਨੂੰ 2. ਹਿੰਦਵਾਸੀਆਂ ਨੂੰ 3. ਹਿੰਦੂਆਂ ਨੂੰ 4. ਮੁਸਲਮਾਨਾਂ ਨੂੰ

(ਕ) ਇਹ ਸਾਧਨ ਮੁੱਦਤਾਂ ਤੱਕ ਹਿੰਦੂਆਂ ਨੂੰ ਖੇਰੂੰ-ਖੇਰੂੰ ਹੋਣ ਤੋਂ ਬਚਾਉਂਦੇ ਰਹੇ ।
ਉਪਰੋਕਤ ਵਾਕ ਵਿੱਚ ਮੁੱਦਤਾਂ ਤੱਕ ਤੋਂ ਕੀ ਭਾਵ ਹੈ ?

1. ਲੰਮੇ ਸਮੇਂ ਤੱਕ 2. ਥੋੜੇ ਸਮੇਂ ਤੱਕ

3. ਪੁਰਾਤਨ ਸਮੇਂ ਤੱਕ 4. ਇਹਨਾਂ ਵਿੱਚੋਂ ਕੋਈ ਵੀ ਨਹੀਂ

**2. ਹੇਠ ਲਿਖੀ ਕਾਵਿ-ਟੁਕੜੀ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ :** **(4×1=4)**

ਸਾਡੀ ਪਿੱਠ ਤੇ ਖੜ੍ਹਾ ਇਤਿਹਾਸ ਸਾਡਾ, ਸਾਨੂੰ ਮਾਣ ਹੈ ਲਹੂ ਦੇ ਰੰਗ ਉੱਤੇ।
ਅਸੀਂ ਜਾਣਦੇ ਹਾਂ ਕਿੰਝ ਕੁਰਬਾਨ ਹੋਣਾ, ਸੁਹਣੇ ਦੇਸ਼ ਦੀ ਇੱਕ ਵੀ ਮੰਗ ਉੱਤੇ।
ਜਦੋਂ ਅੰਬਾਂ ਨੂੰ ਲੱਗਿਆ ਬੂਰ ਹੋਵੇ, ਕੋਇਲ ਆਣ ਕੇ ਉਸ ਥਾਂ ਚਹਿਕਦੀ ਹੈ।
ਜਿੱਥੇ-ਜਿੱਥੇ ਸ਼ਹੀਦਾਂ ਦੀ ਰੱਤ ਡੁੱਲ੍ਹੇ, ਉੱਥੇ ਫ਼ਸਲ ਗੁਲਾਬ ਦੀ ਮਹਿਕਦੀ ਹੈ।

(ੳ) ਕੁਰਬਾਨੀ ਦਾ ਜਜ਼ਬਾ ਸਾਨੂੰ ਕਿੱਥੋਂ ਮਿਲਦਾ ਹੈ ?

(ਅ) ਕੋਇਲ ਕਿੱਥੇ ਆਣ ਕੇ ਚਹਿਕਦੀ ਹੈ ?

(ੲ) ਫ਼ਸਲ ਗੁਲਾਬ ਦੀ ਕਿੱਥੇ ਮਹਿਕਦੀ ਹੈ ?

(ਸ) ਉਪਰੋਕਤ ਕਾਵਿ-ਟੁਕੜੀ ਵਿੱਚ ਦੇਸ਼ ਵਾਸੀਆਂ ਨੂੰ ਕਿਸ 'ਤੇ ਮਾਣ ਹੈ ?

## ਭਾਗ - ਅ (ਵਿਆਕਰਨ)

**3) ਵਿਰੋਧੀ ਸ਼ਬਦ (ਕੋਈ ਦੋ ਕਰੋ) :** **(2×1=2)**

(ੳ) ਹੇਠ ਲਿਖੇ ਵਿਕਲਪਾਂ ਵਿੱਚੋਂ ਸਹੀ ਵਿਰੋਧੀ ਜੋੜਾ ਚੁਣੋ :

1) ਅੰਨ੍ਹਾ/ ਸੁਜਾਖਾ 2) ਅੰਨ੍ਹਾ/ ਸੁਨੱਖਾ 3) ਅੰਨ੍ਹਾ/ ਕਾਣਾ 4)ਅੰਨ੍ਹਾ/ਭੈਂਗਾ

B-2

Scanned by Scanner Go

(ਅ) ਸਦਾਚਾਰ ਸ਼ਬਦ ਦਾ ਵਿਰੋਧੀ ਸ਼ਬਦ ਕੀ ਹੋਵੇਗਾ ?

1) ਇਮਾਨਦਾਰ 2) ਬੇਇਮਾਨ 3) ਦੁਰਾਚਾਰ 4)ਕਪਟੀ

(ੲ) ਪ੍ਰੀਤ ਸ਼ਬਦ ਦਾ ਵਿਰੋਧੀ ਸ਼ਬਦ ਚੁਣੋ ?

1) ਪਿਆਰ 2) ਘਿਰਣਾ 3) ਚੰਗਿਆਈ 4) ਲਾਡ

**4. ਲਿੰਗ ਬਦਲੋ ( ਕੋਈ ਦੋ ਕਰੋ) :** **(2×1=2)**

(ੳ) ਹੇਠ ਲਿਖੇ ਸ਼ਬਦਾਂ ਵਿੱਚੋਂ ਕਿਹੜਾ ਸ਼ਬਦਾ ਦੋਹਾਂ ਲਿੰਗਾਂ ਵਿੱਚ ਵਰਤਿਆ ਜਾਂਦਾ ਹੈ?

1) ਵਣਜਾਰਾ 2) ਦੁਆਬੀਆ 3) ਸਾਈਕਲ 4) ਪੰਛੂ

(ਅ) ਹੇਠ ਲਿਖੇ ਸ਼ਬਦਾਂ ਵਿੱਚੋਂ ਕਿਹੜੇ ਸ਼ਬਦ ਦਾ ਵਿਰੋਧੀ ਲਿੰਗ ਨਹੀਂ ਹੁੰਦਾ ?

1) ਸ਼ੀਸ਼ਾ 2) ਬਾਟਾ 3) ਹਾਲੀ 4) ਹਾਣੀ

(ੲ) ਹਲਵਾਈ ਸ਼ਬਦ ਦਾ ਇਸਤਰੀ ਲਿੰਗ ਚੁਣੋ :

1) ਹਲਵਾਈਣ 2) ਹਲਵਾਇਣ 3) ਹਲਵਾਇਨ 4) ਹਲਵਾਈਨ

**5. ਵਿਸਮਿਕ (ਕੋਈ ਦੋ ਕਰੋ) :** **(2×1=2)**

(ੳ) ਵਿਸਮਿਕ ਸ਼ਬਦ ਚੁਣੋ ?

1) ਦਾ,ਦੇ,ਦੀ 2) ਤੇ, ਅਤੇ 3) ਪਰ, ਕਿਉਂਕਿ 4) ਵੇ, ਕਾਸ਼, ਸ਼ਾਬਾਸ਼

(ਅ) ਹੈਂ! ਉਹ ਫ਼ੇਲ ਹੋ ਗਿਆ। ਵਾਕ ਵਿੱਚ 'ਹੈਂ' ਕਿਹੜਾ ਵਿਸਮਿਕ ਹੈ?

1) ਸਤਿਕਾਰ ਵਾਚਕ 2) ਹੈਰਾਨੀ ਵਾਚਕ 3) ਇੱਛਾ ਵਾਚਕ 4) ਪ੍ਰਸੰਸਾ ਵਾਚਕ

(ੲ) 'ਓਏ' ਸ਼ਬਦ ਕਿਸ ਪ੍ਰਕਾਰ ਦਾ ਵਿਸਮਿਕ ਹੈ ?

1) ਸੰਬੋਧਨੀ ਵਾਚਕ 2) ਸੂਚਨਾ ਵਾਚਕ 3) ਸ਼ੋਕ ਵਾਚਕ 4) ਹੈਰਾਨੀ ਵਾਚਕ

**6. ਸ਼ਬਦ ਸ਼ੁੱਧੀ (ਕੋਈ ਚਾਰ ਕਰੋ) :** **(4×½ =2)**

ਹੇਠ ਲਿਖੇ ਅਸ਼ੁੱਧ ਸ਼ਬਦ ਜੋੜਾਂ ਨੂੰ ਸ਼ੁੱਧ ਕਰਕੇ ਲਿਖੋ।

(ੳ) ਵਾਧੂ (ਅ) ਲੋਬੀ (ੲ) ਵੇਹਲਾ (ਸ) ਵੈਂਹਟੀ (ਹ) ਹਸੌਣਾ

**7. ਕਿਰਿਆ (ਕੋਈ ਦੋ ਕਰੋ) :** **(2×1=2)**

(ੳ) ਮੁੱਖ ਰੂਪ ਵਿੱਚ ਕਿਰਿਆ ਕਿੰਨੇ ਪ੍ਰਕਾਰ ਦੀ ਹੁੰਦੀ ਹੈ ? ਕਿਸਮਾਂ ਦੇ ਨਾਂ ਲਿਖੋ।

(ਅ) ਸੀਤਾ ਪੜ੍ਹ ਰਹੀ ਹੈ। ਵਾਕ ਵਿੱਚੋਂ ਕਿਰਿਆ ਦੀ ਕਿਸਮ ਲਿਖੋ।

(ੲ) ਸਕਰਮਕ ਕਿਰਿਆ ਦੀ ਇੱਕ ਉਦਾਹਰਨ ਲਿਖੋ।

**8. ਹੇਠ ਲਿਖਿਆਂ ਵਿੱਚੋਂ ਕਿਸੇ ਦੋ ਮੁਹਾਵਰਿਆਂ ਨੂੰ ਇਸ ਤਰ੍ਹਾਂ ਵਾਕਾਂ ਵਿੱਚ ਵਰਤੋ ਕਿ ਅਰਥ ਸਪੱਸ਼ਟ ਹੋ ਜਾਣ :**

(ੳ) ਉਂਗਲ ਕਰਨੀ (ਅ) ਅੱਖਾਂ ਮੀਟ ਜਾਣਾ (ੲ) ਇੱਕਮੁੱਠ ਹੋਣਾ **(2×1=2)**



Scanned by Scanner Go

## ਭਾਗ - ੲ (ਪ੍ਰਭਾਵਸ਼ਾਲੀ ਲਿਖਣ ਕੌਸ਼ਲ)

**9. ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਉੱਤੇ ਦਿੱਤੇ ਹੋਏ ਨੁਕਤਿਆਂ ਦੇ ਅਧਾਰ ਤੇ 200 ਸ਼ਬਦਾਂ ਦਾ ਲੇਖ ਲਿਖੋ** (8)

**(ੳ) ਸੁਤੰਤਰਤਾ ਦਿਵਸ**

ਨੁਕਤੇ : ਭੂਮਿਕਾ, ਅਜ਼ਾਦੀ ਦਾ ਮਹੱਤਵ, ਸੁਤੰਤਰ ਵਿਚਾਰਾਂ ਦੀ ਲੋੜ, ਭਾਰਤ ਦੀ ਸੁਤੰਤਰਤਾ, ਗੁਲਾਮੀ ਇੱਕ ਸਰਾਪ ਹੈ, ਅਜ਼ਾਦੀ ਬਰਕਰਾਰ ਰੱਖਣ ਦੀ ਲੋੜ,ਸਾਰੰਸ਼।

**(ਅ) ਸੋ ਕਿਉ ਮੰਦਾ ਆਖੀਐ ਜਿਤ ਜੰਮਹਿ ਰਾਜਾਨ**

ਨੁਕਤੇ : ਭੂਮਿਕਾ, ਸਮਾਜ ਵਿੱਚ ਤਬਦੀਲੀ ਆਉਣਾ, ਔਰਤ ਤੇ ਅਜੋਕਾ ਸਮਾਜ, ਅੱਜ ਦੀ ਔਰਤ ਨੂੰ ਸਮਾਜ ਦੀ ਦੇਣ, ਭਰੂਣ ਹੱਤਿਆ ਜਿਹੇ ਪਾਪ ਕਿਉਂ, ਔਰਤਾਂ ਦੀ ਬੇਪਤੀ ਕਿਉਂ, ਸਾਰੰਸ਼।

**(ੲ) ਪਾਣੀ ਦੀ ਮਹੱਤਤਾ ਅਤੇ ਸੰਭਾਲ**

ਨੁਕਤੇ : ਭੂਮਿਕਾ, ਪਾਣੀ ਦੇ ਸਾਧਨ, ਵਰਖਾ ਦਾ ਪਾਣੀ, ਧਰਤੀ ਦੇ ਹੇਠਲਾ ਪਾਣੀ, ਸਮੁੰਦਰਾਂ ਨਦੀਆਂ ਦਾ ਪਾਣੀ, ਪਾਣੀ ਦੀ ਵਰਤੋਂ, ਪਾਣੀ ਦੀ ਘਾਟ ਆਉਣ ਦੇ ਕਾਰਨ, ਪਾਣੀ ਦੀ ਸੰਭਾਲ, ਸਾਰੰਸ਼।

**10. ਹੇਠ ਲਿਖੇ ਨੁਕਤਿਆਂ ਦੇ ਅਧਾਰ 'ਤੇ ਕੋਈ ਇੱਕ ਪੱਤਰ ਲਿਖੋ :** (6)

(ੳ) ਤੁਸੀਂ ਸਕੂਲ ਵੱਲੋਂ ਵਿਰਾਸਤ-ਏ-ਖਾਲਸਾ/ਪੁਸ਼ਪਾ ਗੁਜਰਾਲ ਸਾਇੰਸ ਸਿਟੀ ਵੇਖਣ ਲਈ ਵਿੱਦਿਅਕ ਟੂਰ ਤੇ ਗਏ ਸੀ। ਇੱਕ ਪੱਤਰ ਰਾਹੀਂ ਆਪਣੇ ਅਨੁਭਵ ਆਪਣੇ ਮਾਤਾ ਜੀ ਨਾਲ ਸਾਂਝੇ ਕਰੋ।


ਨੁਕਤੇ :ਜਾਣਕਾਰੀ ਮਿਲਣਾ....ਮਨੋਰੰਜਨ .....ਜਾਗਰੂਕਤਾ.....ਵਿਗਿਆਨਿਕ ਸਿਧਾਤਾਂ......ਆਨੰਦ ਤੇ ਖੁਸ਼ੀ।

**ਜਾਂ**

(ਅ) ਸਿਹਤ ਮੰਤਰੀ ਨੂੰ ਆਪਣੇ ਮੁਹੱਲੇ ਵਿੱਚ ਹਸਪਤਾਲ ਖੋਲ੍ਹਣ ਲਈ ਬਿਨੈ-ਪੱਤਰ ਲਿਖੋ।

ਨੁਕਤੇ : ਨੇੜੇ ਹਸਪਤਾਲ ਨਾ ਹੋਣਾ.....ਅਣਆਈਆਂ ਮੌਤਾਂ.....ਬਿਮਾਰੀਆਂ ਫੈਲਣਾ......ਉਚਿਤ ਦਵਾਈਆਂ......ਬੇਨਤੀ ਪ੍ਰਵਾਨ ਕਰਨਾ ਆਦਿ।

**11. ਹੇਠ ਲਿਖੇ ਚਿੱਤਰ ਨੂੰ ਦੇਖ ਕੇ ਉਸਦਾ ਵਰਨਣ 50 ਤੋਂ 60 ਸ਼ਬਦਾਂ ਵਿੱਚ ਲਿਖੋ।** (4)



B-4

Scanned by Scanner Go

## ਭਾਗ - ਸ (ਪਾਠ ਪੁਸਤਕਾਂ ਤੇ ਅਧਾਰਿਤ)

12. ਕਹਾਣੀ ਤੇ ਵਾਰਤਕ ਵਿੱਚੋਂ ਬਹੁ-ਵਿਕਲਪੀ ਪ੍ਰਸ਼ਨ (ਕੋਈ ਪੰਜ ਕਰੋ) : (5×1=5)

(ੳ) ਤਾਇਆ ਮਨਸਾ ਰਾਮ ਕਿਹੜੀ ਵੱਖੀ ਨੂੰ ਘੁੱਟ ਕੇ ਦਿਲ ਦੀ ਧੜਕਣ ਸੁਣਨ ਦੀ ਕੋਸ਼ਸ਼ ਕਰ ਰਿਹਾ ਸੀ ?

1) ਖੱਬੀ ਵੱਖੀ 2) ਸੱਜੀ ਵੱਖੀ 3) ਦੋਨੋਂ ਵੱਖੀਆਂ 4) ਕੋਈ ਵੀ ਨਹੀਂ

(ਅ) ਮੁੜ ਵੇਖਿਆ ਪਿੰਡ ਲੇਖ ਦਾ ਲੇਖਕ ਕੌਣ ਹੈ ?

1) ਸੂਬਾ ਸਿੰਘ 2) ਬਲਰਾਜ ਸਾਹਨੀ 3) ਸੁਜਾਨ ਸਿੰਘ 4) ਤੇਜਾ ਸਿੰਘ

(ੲ) ਭੁੱਲੇਵਾਲ ਦੇ ਬੱਸ ਅੱਡੇ ਉੱਤੇ ਬੱਸ ਕਿੰਨੀ ਦੇਰ ਰੁਕਣੀ ਸੀ ?

1) ਪੰਦਰਾਂ ਮਿੰਟ 2) ਅੱਧਾ ਘੰਟਾ 3) ਪੌਣਾ ਘੰਟਾ 4)ਇੱਕ ਘੰਟਾ

(ਸ) ਮੰਤਰੀ ਦੇ ਗਲ ਵਿੱਚ ਹਾਰ ਪਾਉਣ ਦਾ ਸਮਾਗਮ ਕਿਸ ਦਿਨ ਦਾ ਸੀ ?

1) ਸ਼ਨਿੱਚਰਵਾਰ 2) ਐਤਵਾਰ 3) ਸੋਮਵਾਰ 4) ਬੁੱਧਵਾਰ

(ਹ) ਸਾਂਝੀ ਕੰਧ ਕਹਾਣੀ ਵਿੱਚ ਕੰਧ ਦੀ ਲੰਬਾਈ ਕਿੰਨੀ ਸੀ ?

1) ਚਾਲੀ ਫੁੱਟ 2) ਦਸ ਫੁੱਟ 3) ਪੰਦਰਾਂ ਫੁੱਟ 4) ਵੀਹ ਫੁੱਟ

(ਕ) ਦਰਬਾਰਾ ਬੰਸੋ ਦਾ ਵਿਆਹ ਕਿਹੜੇ ਮਹੀਨੇ ਦਾ ਰੱਖਣਾ ਚਾਹੁੰਦਾ ਸੀ ?

1) ਚੇਤ ਦਾ 2) ਫੱਗਣ ਦਾ 3) ਹਾੜ੍ਹ ਦਾ 4) ਸਾਉਣ ਦਾ

13. ਕਵਿਤਾ ਤੇ ਇਕਾਂਗੀ ਵਿੱਚੋਂ ਬਹੁ-ਵਿਕਲਪੀ ਪ੍ਰਸ਼ਨ (ਕੋਈ ਪੰਜ ਕਰੋ) : (5×1=5)

(ੳ) ਸਮਾਂ ਕਿਹੜੀ ਜਾਚ ਨਹੀਂ ਜਾਣਦਾ ?

1) ਠਹਿਰਨ ਦੀ 2) ਭੱਜਣ ਦੀ 3) ਅੱਗੇ ਵਧਣ ਦੀ 4) ਕੋਈ ਵੀ ਨਹੀਂ

(ਅ) ਵਿਸਾਖੀ ਦਾ ਮੇਲਾ ਕਵਿਤਾ ਦੇ ਕਵੀ ਦਾ ਨਾਂ ਲਿਖੋ।

1) ਭਾਈ ਵੀਰ ਸਿੰਘ 2) ਧਨੀ ਰਾਮ ਚਾਤ੍ਰਿਕ 3) ਨੰਦ ਲਾਲ 4)ਵਿਧਾਤਾ ਸਿੰਘ ਤੀਰ

(ੲ) ਵਾਰਿਸ਼ ਸ਼ਾਹ ਕੌਣ ਸੀ ?

1) ਸੂਫ਼ੀ ਕਵੀ 2) ਕਿੱਸਾਕਾਰ 3) ਵਾਰਤਾਕਾਰ 4)ਨਾਵਲਕਾਰ

(ਸ) ਵਿਸਾਖੀ ਦਾ ਮੇਲਾ ਕਵਿਤਾ ਵਿੱਚ ਮੇਲਾ ਕ੍ਿਥੋਂ ਤੱਕ ਫੈਲਿਆ ਹੋਇਆ ਹੈ ?

1) ਕੋਹਾਂ ਤੱਕ 2) ਮੀਲਾਂ ਤੱਕ 3) ਕਿਲੋਮੀਟਰਾਂ ਤੱਕ 4) ਗਜਾਂ ਤੱਕ

(ਹ) ਮਦਨ ਲਾਲ ਰਾਮ ਪਿਆਰੀ ਦਾ ਕੀ ਲੱਗਦਾ ਸੀ ?

1) ਜੀਜਾ 2) ਪੁੱਤਰ 3) ਭਾਣਜਾ 4) ਭਤੀਜਾ

(ਕ) ਸਾਧੂ ਅਤੇ ਮੌਨਧਾਰੀ ਹਰੀ ਚੰਦ ਤੋਂ ਔਸ਼ਧੀ ਦੇ ਕਿੰਨੇ ਰੁਪਏ ਲੈਂਦੇ ਹਨ ?

1) ਪੰਦਰਾ ਰੁਪਏ 2) ਗਿਆਰ੍ਹਾਂ ਰੁਪਏ 3) ਵੀਹ ਰੁਪਏ 4) ਦਸ ਰੁਪਏ



Scanned by Scanner Go

14. **ਕਹਾਣੀ ਤੇ ਵਾਰਤਕ ਵਿੱਚੋਂ ਇੱਕ ਸਤਰ ਵਾਲੇ ਪ੍ਰਸ਼ਨ (ਕੋਈ ਚਾਰ ਕਰੋ) :** (4×1=4)

(ੳ) ਜੁਗਲ ਪ੍ਰਸ਼ਾਦ ਆਪਣੇ ਮਿੱਤਰ ਕੋਲੋਂ ਕਿੰਨੇ ਰੁਪਏ ਲੈ ਕੇ ਆਇਆ ਸੀ ?

(ਅ) ਕਪੂਰ ਸਿੰਘ ਦੇ ਘਰ ਦੇ ਸੱਜੇ ਪਾਸੇ ਦੀ ਕੰਧ ਕਿਸ ਨਾਲ ਸਾਂਝੀ ਸੀ ?

(ੲ) ਭਖ ਦਾ ਵਹਿਮ ਰਹਿੰਦਿਆਂ ਤਾਏ ਨੇ ਕਿੰਨੇ ਥਰਮਾਮੀਟਰ ਭੰਨ ਦਿੱਤੇ ਸਨ ?

(ਸ) ਬਲਰਾਜ ਸਾਹਨੀ ਦੇ ਦਾਦੇ ਪੋਤਰੇ ਭਰਾ ਦਾ ਕੀ ਨਾਂ ਸੀ ?

(ਹ) ਬਲਰਾਜ ਸਾਹਨੀ ਦਾ ਮੁੱਖ ਕਿੱਤਾ ਕੀ ਸੀ ?

15. **ਕਹਾਣੀ, ਵਾਰਤਕ ਤੇ ਇਕਾਂਗੀ ਵਿੱਚੋਂ ਕਿਸੇ ਸੱਤ ਪ੍ਰਸ਼ਨਾਂ ਦੇ ਉੱਤਰ 25-30 ਸ਼ਬਦਾਂ ਵਿੱਚ ਦਿਓ: (7×2=14)**

(ੳ) ਸਕੂਲ ਦੀ ਪ੍ਰਿੰਸੀਪਲ ਨੇ ਜੁਗਲ ਪ੍ਰਸ਼ਾਦ ਨੂੰ ਵਧਾਈ ਕਿਉਂ ਦਿੱਤੀ ?

(ਅ) ਸਰਪੰਚ ਦੇ ਖੰਘੂਰੇ ਦਾ ਦਰਬਾਰੇ 'ਤੇ ਕੀ ਅਸਰ ਹੋਇਆ ?

(ੲ) ਕਪੂਰ ਸਿੰਘ ਨੂੰ ਕਿਹੜੀ ਗੱਲ ਦਾ ਡਰ ਸੀ, ਜਿਸ ਕਰ ਕੇ ਦਰਬਾਰਾ ਸਿੰਘ ਪ੍ਰਤੀ ਉਹ ਨਿਰਮਾਈ ਵਰਤ ਰਿਹਾ ਸੀ ?

(ਸ) ਰਾਮ ਪਿਆਰੀ ਮਦਨ ਬਾਰੇ ਹਰੀ ਚੰਦ ਨੂੰ ਕੀ ਦੱਸਦੀ ਹੈ ?

(ਹ) ਕਿਸ਼ੋਰ ਚੰਦ ਸਾਧੂਆਂ ਨਾਲ ਕਿਹੋ ਜਿਹਾ ਵਰਤਾਓ ਕਰਦਾ ਹੈ ?

(ਕ) ਵਹਿਮੀ ਤਾਏ ਦਾ ਅਸਲ ਵਿੱਚ ਕੀ ਨਾਂ ਸੀ ਤੇ ਉਹ ਸਰੀਰਕ ਪੱਖੋਂ ਕਿਹੋ ਜਿਹਾ ਸੀ?

(ਖ) ਬੱਸ ਅੱਡੇ ਦਾ ਪ੍ਰਬੰਧਕ ਅਤੇ ਥਾਣੇ ਦਾ ਇੰਸਪੈਕਟਰ ਲੇਖਕ ਨਾਲ ਕਿਵੇਂ ਪੇਸ਼ ਆਏ ?

(ਗ) ਭੇਰਾ ਸ਼ਹਿਰ ਵਿੱਚ ਖੁਖਰਾਨ ਬਰਾਦਰੀ ਵਾਲਿਆਂ ਦੇ ਕਿਹੜੇ-ਕਿਹੜੇ ਮੁਹੱਲੇ ਸਨ ?

16. **ਕਵਿਤਾ ਤੇ ਵਾਰਤਕ ਵਿੱਚੋਂ ਕੋਈ ਦੋ ਪ੍ਰਸ਼ਨਾਂ ਦੇ ਉੱਤਰ 50-60 ਸ਼ਬਦਾਂ ਵਿੱਚ ਲਿਖੋ:** (4×2=8)

(ੳ) 'ਮੈਂ ਪੰਜਾਬੀ' ਕਵਿਤਾ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

**ਜਾਂ**

'ਵਿਸਾਖੀ ਦਾ ਮੇਲਾ' ਕਵਿਤਾ ਵਿੱਚ ਆਏ ਵਿਚਾਰਾਂ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ।

(ਅ) ਵਹਿਮੀ ਤਾਇਆ ਲੇਖ ਵਿੱਚ ਤਾਇਆ ਮਨਸਾ ਰਾਮ ਦੇ ਕੁਝ ਦਿਲਚਸਪ ਵਹਿਮਾਂ ਦਾ ਜ਼ਿਕਰ ਸੰਖੇਪ ਵਿੱਚ ਕਰੋ।

**ਜਾਂ**

ਲੇਖਕ ਆਪਣੇ ਘਰ ਨੂੰ ਵੇਖਣ ਸਮੇਂ ਆਪਾ ਕਿਉਂ ਗੁਆ ਬੈਠਿਆ ?

17. **ਇਕਾਂਗੀ ਵਿੱਚੋਂ ਕਿਸੇ ਇੱਕ ਪ੍ਰਸ਼ਨ ਦਾ ਉੱਤਰ 50-60 ਸ਼ਬਦਾਂ ਵਿੱਚ ਲਿਖੋ:** (4×1=4)

(ੳ) ਮੋਨਧਾਰੀ ਇਕਾਂਗੀ ਵਿੱਚੋਂ ਮਦਨ ਲਾਲ ਦਾ ਪਾਤਰ ਚਿਤਰਨ ਆਪਣੇ ਸ਼ਬਦਾਂ ਵਿੱਚ ਲਿਖੋ।

**ਜਾਂ**

ਮੋਨਧਾਰੀ ਇਕਾਂਗੀ ਵਿੱਚ ਸਾਧੂ ਅਤੇ ਮੋਨਧਾਰੀ ਹਰੀ ਚੰਦ ਨਾਲ ਕੀ-ਕੀ ਗੱਲਾਂ ਕਰਦੇ ਹਨ?



Scanned by Scanner Go